# ਕੀ ਨਵਾਂ ਹੈ ਸਿਟੀ ਵਿੱਚ ਦਸੰਬਰ 2020

ABBOTSFORD

### ਸਿਟੀ ਸਰਵਿਸ ਅੱਪਡੇਟ



ਫਿਲਹਾਲ ਸਿਟੀ ਦੀਆਂ ਸਾਰੀਆਂ ਸੇਵਾਵਾਂ ਔਨਲਾਈਨ **abbotsford.ca** ਉੱਤੇ ਅਤੇ ਫੋਨ ਤੇ ਉਪਲਬਦ ਹਨ। ਜੇ ਤੁਹਾਨੂੰ ਕਿਸੇ ਵੀ ਤਰਾਂ ਦੀ ਮੱਦਦ ਦੀ ਲੋੜ ਹੈ ਜਾਂ ਤੁਹਾਨੂੰ ਕਿਸੇ ਮਹਿਕਮੇ ਵਾਰੇ ਪਤਾ ਨਹੀਂ ਲੱਗ ਰਿਹਾ ਤਾਂ ਕਿਰਪਾ ਕਰਕੇ ਸਾਡੇ ਮੁੱਖ ਸਵਿੱਚਬੋਰਡ 604-853-2281 ਤੇ ਫੋਨ ਕਰੋ।

### ਮਿਲਣ ਵਾਲ਼ੀਆਂ ਅਪੋਇੰਟਮਿੰਟਾਂ

ਕਈ ਸਰਵਿਸਾਂ ਲਈ ਸਿਟੀ ਹਾਲ ਮਿਲਣ ਵਾਲ਼ੀਆਂ ਅਪੋਇੰਟਮਿੰਟਾਂ ਦੇ ਰਹੇ ਹਨ। ਕੈਸ਼ੀਅਰ ਖੁੱਲ੍ਹੇ ਹਨ ਅਤੇ ਉਨ੍ਹਾਂ ਲਈ ਅਪੋਇੰਟਮਿੰਟ ਦੀ ਲੋੜ ਨਹੀਂ। ਕਿਰਪਾ ਕਰਕੇ ਸਿਟੀ ਹਾਲ ਆਉਣ ਤੋਂ ਪਹਿਲਾਂ ਤੁਸੀਂ ਜਿਸ ਡਿਪਾਰਟਮੈਂਟ ਨਾਲ਼ ਗੱਲ ਕਰਨੀ ਹੈ, ਉਨ੍ਹਾਂ ਨੂੰ ਫੋਨ ਕਰੋ ਅਤੇ ਅਪੋਇੰਟਮਿੰਟ ਬਣਾਵੋ। ਸਿਟੀ ਹਾਲ ਤੱਕ ਪਹੁੰਚ ਸੀਮਤ ਰਹੇਗੀ ਅਤੇ ਸਰੀਰਕ ਦੂਰੀ ਬਣਾ ਕੇ ਰੱਖੀ ਜਾਵੇਗੀ। ਮੁਲਾਕਾਤੀਆ ਨੂੰ ਉਨ੍ਹਾਂ ਦੇ ਮੁਲਾਕਾਤ ਸਮੇਂ ਤੋਂ ਪਹਿਲਾਂ ਨੌਰਥ ਐਂਟਰੈਂਸ ਦੇ ਪਰਵੇਸ਼ ਦੁਆਲੇ ਛਤਰੀ ਹੇਠ ਚੈੱਕ-ਇਨ ਕਰਨ ਦੀ ਜ਼ਰੂਰਤ ਹੋਏਗੀ। ਤੁਹਾਡੇ ਸਬਰ ਲਈ ਤੁਹਾਡਾ ਧੰਨਵਾਦ ਜਿਵੇਂ ਕਿ ਅਸੀਂ ਤੁਹਾਨੂੰ ਤੰਦਰੁਸਤ ਅਤੇ ਸੁਰੱਖਿਅਤ ਰੱਖਣ ਤੇ ਕੰਮ ਕਰ ਰਹੇ ਹਾਂ।

### ਅਪੋਇੰਟਮਿੰਟ ਬਣਾਉਣ ਲਈ ਨੰਬਰ:

- ਬਿਲਡਿੰਗ ਅਤੇ ਬਿਜ਼ਨਿਸ ਲਾਈਸਿੰਸ (ਪਹਿਲੀ ਮੰਜ਼ਲ): 604-864-5525
- ਸਿਟੀ ਕਲਰਕ ਦਾ ਆਫਿਸ (ਪੰਜਵੀਂ ਮੰਜ਼ਲ): 604-864-5506
- ਇੰਜੀਨੀਰਿੰਗ (ਚੌਥੀ ਮੰਜ਼ਲ): 604-864-5514
- ਪਾਰਕ, ਰੈਕਰੀਏਸ਼ਨ, ਅਤੇ ਕਲਚਰ (ਤੀਜੀ ਮੰਜ਼ਲ):604-859-3134
- ਪਲੈਨਿੰਗ ਅਤੇ ਡਵੈਲੱਪਮੈਂਟ ਸਰਵਿਸ (ਦੂਜੀ ਮੰਜ਼ਲ): 604-864-5510

ਹੋਰ ਜਾਣਕਾਰੀ ਲਈ ਵੈਬਸਾਈਟ ਤੇ ਜਾਓ **abbotsford.ca/reopening**

### ਆਰਡਰ ਆਫ਼ ਐਬਟਸਫੋਰਡ ਨੋਮਿਨੇਸ਼ਨਜ਼

ਆਰਡਰ ਆਫ਼ ਐਬਟਸਫਰਡ ਉਨ੍ਹਾਂ ਨੂੰ ਸਨਮਾਨਿਆ ਜਾਂਦਾ ਹੈ ਜਿਨ੍ਹਾਂ ਨੇ ਸ਼ਹਿਰ ਲਈ ਉੱਚ ਪੱਧਰੀ ਅਤੇ ਲੰਮੇ ਅਮੇਂ ਤੋਂ ਸੇਵਾ ਅਤੇ ਯੋਗਦਾਨ ਪਾਇਆ ਹੋਵੇ। 2021 ਲਈ ਨੌਮਿਨੇਸ਼ਨਜ਼ 31 ਦਸੰਬਰ, 2020 ਤੱਕ ਸਵਿਕਾਰੀਆਂ ਜਾਣਗੀਆਂ। ਹੋਰ ਜਾਣਕਾਰੀ ਵਾਸਤੇ **abbotsford.ca/order** ਤੇ ਜਾਓ।

### ਵਿੰਟਰ ਫੈਸਟ




ਵਿੰਟਰ ਫੈਸਟ ਦੀਆਂ ਪ੍ਰੀ-ਰਜਿਸਟਰਡ ਗਤੀਵਿਧੀਆਂ ਜਿਵੇਂ ਕਿ ਕੈਂਪ, ਸਵੀਮਿੰਗ, ਸਕੇਟਿੰਗ ਅਤੇ ਜਿੰਮ ਟਾਈਮ 'ਚ ਹਿੱਸਾ ਲਵੋ, ਐਬਟਸਫੋਰਡ ਰੀਕ੍ਰੀਏਸ਼ਨ ਸੈਂਟਰ ਅਤੇ ਮੈਤਸਕਈ ਰੀਕ੍ਰੀਏਸ਼ਨ ਸੈਂਟਰ ਦਸੰਬਰ 19 ਤੋਂ ਜਨਵਰੀ 3, 2021 ਤੱਕ। ਵਰਚੂਅਲ ਅਤੇ ਪ੍ਰੀ-ਰਜਿਸਟਰਡ ਗਤੀਵਿਧੀਆਂ ਦਾ ਪੂਰਾ ਵੇਰਵਾ **abbotsford.ca/parks-recreation-culture/winterfest** ਤੇ ਵੇਖੋ।

### ਕਰਬਸਾਈਡ ਕੋਲੈਕਸ਼ਨ ਕਾਰਟ



ਅਸੀਂ 2021 ਵਿੱਚ ਇੱਕ ਨਵਾਂ ਕਾਰਟ-ਬੇਸ ਕਰਬਸਾਈਡ ਕੋਲੈਕਸ਼ਨ ਪ੍ਰੋਗਰਾਮ ਤਿਆਰ ਕਰ ਰਹੇ ਹਾਂ। ਨਵਾਂ ਪ੍ਰੋਗਰਾਮ ਅਪ੍ਰੈਲ 19, 2021 ਨੂੰ ਸ਼ੁਰੂ ਹੋਵੇਗਾ। ਫਰਵਰੀ 2021 ਤੋਂ ਹਰ ਘਰ ਨੂੰ ਤਿੰਨ 240 ਲੀਟਰ ਦੀਆਂ ਕਾਰਟਾਂ ਦਿੱਤੀਆਂ ਜਾਣਗੀਆਂ, ਇੱਕ ਗਾਰਬੇਜ ਲਈ, ਇੱਕ ਰੀਸਾਈਕਲਿੰਗ ਲਈ, ਅਤੇ ਇੱਕ ਕੰਪੋਸਟੇਬਲ ਲਈ। ਨਵੇਂ ਪ੍ਰੋਗਰਾਮ ਤੇ ਹੋਰ ਜਾਣਕਾਰੀ ਲੈਣ ਲਈ **www.abbotsford.ca/curbside2021** ਤੇ ਜਾਓ।

### ਸਿਟੀ ਹਾਲ ਛੁੱਟੀਆਂ ਵਿੱਚ ਬੰਦ

ਸਿਟੀ ਹਾਲ ਵੀਰਵਾਰ, ਦਸੰਬਰ 24 ਸ਼ਾਮ 2 ਵਜੇ ਤੋਂ ਬੰਦ ਰਹੇਗਾ ਅਤੇ ਮੁੜ ਸੋਮਵਾਰ, ਜਨਵਰੀ 4, 2020 ਨੂੰ ਸਵੇਰੇ 8:30 ਖੁੱਲ੍ਹਣਗੇ।

### ਸਿਟੀ ਕਾਉਂਸਲ ਦੀ ਜਾਣਕਾਰੀ



ਪੱਬਲਿਕ ਹੀਰਿੰਗਜ਼ ਵਿੱਚ ਤਬਦੀਲੀਆਂ

ਦਸੰਬਰ 4, 2020 ਨੂੰ ਪ੍ਰੋਵਿੰਨਸ਼ਲ ਹੈਲਥ ਅਫ਼ਸਰ ਨੇ ਸਥਾਨਕ ਸਰਕਾਰਾਂ ਦੀਆਂ ਮੀਟਿੰਗਾਂ ਅਤੇ ਜਨਤਕ ਸੁਣਵਾਈਆਂ ਤੇ ਲੋਕਾਂ ਦੀ ਹਾਜ਼ਰੀ ਦੀ ਸਪੱਸ਼ਟ ਤੌਰ ਤੇ ਪਾਬੰਦੀ ਲਗਾਉਂਦੇ ਹੋਏ, ਇੱਕ ਪ੍ਰਸੰਸਾ ਇਕੱਠ ਅਤੇ ਪ੍ਰੋਗਰਾਮਾਂ ਦੇ ਅਦੇਸ਼ ਜਾਰੀ ਕੀਤੇ।

### ਸਿਟੀ ਕਾਉਂਸਲ ਬਰੌਡਕੈਸਟ

ਸਿਟੀ ਕਾਉਂਸਲ ਦੀਆਂ ਮੀਟਿੰਗਾਂ ਅਤੇ ਅਜੰਡਾ **abbotsford.ca/ams** ਉੱਤੇ ਉਪਲਬਧ ਹਨ। ਪਬਲਿਕ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਮੀਟਿੰਗਾਂ ਨੂੰ ਔਨਲਾਈਨ ਦੇਖਣ। ਵੈਬਸਾਈਟ: **abbotsford.ca/watchcouncilonline**

### ਕਾਉਂਸਲ ਮੀਟਿੰਗਾਂ

**ਦਸੰਬਰ 21:** ਸ਼ਾਮ 3 ਵਜੇ ਐਗਜ਼ੇਕੂਟਿਵ ਮੀਟਿੰਗ<br>ਸ਼ਾਮ 7 ਵਜੇ ਰੈਗੂਲਰ ਕਾਉਂਸਲ

**ਜਨਵਰੀ 4:** ਕੋਈ ਮੀਟਿੰਗ ਨਹੀਂ

**ਜਨਵਰੀ 11:** ਸ਼ਾਮ 3 ਵਜੇ ਐਗਜ਼ੇਕੂਟਿਵ ਮੀਟਿੰਗ<br>ਸ਼ਾਮ 7 ਵਜੇ ਪਬਲਿਕ ਹੀਰਿੰਗ/ ਰੈਗੂਲਰ ਕਾਉਂਸਲ

**ਜਨਵਰੀ 18:** ਸ਼ਾਮ 1 ਵਜੇ ਕਮਿਟੀ ਆਫ਼ ਦਾ ਹੋਲ

**ਜਨਵਰੀ 25:** ਸ਼ਾਮ 3 ਵਜੇ ਐਗਜ਼ੇਕੂਟਿਵ ਮੀਟਿੰਗ<br>ਸ਼ਾਮ 7 ਵਜੇ ਪਬਲਿਕ ਹੀਰਿੰਗ/ ਰੈਗੂਲਰ ਕਾਉਂਸਲ